ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.-1 ਸ਼ਾਖਾ)

IWD MS.

ਵਿਸ਼ਾ:- ਪੰਜਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਬਾਰੇ- ਆਸਾਮੀਆਂ ਦਾ ਵਰਗੀਕਰਨ ਕਰਨ ਉਪਰੰਤ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਕਰਨ ਬਾਰੇ।

-----

ਸਮੂਹ ਵਿੱਤੀ ਕਮਿਸ਼ਨਰਜ਼/ ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 4/43/09-3ਪੀਪੀ1/12137, ਮਿਤੀ 10-12-09 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਸਰਕਾਰ ਵੱਲੋਂ ਉਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਰਾਹੀਂ ਹਦਾਇਤਾਂ ਅਨੁਸਾਰ ਫੈਸਲਾ ਕੀਤਾ ਗਿਆ ਸੀ ਕਿ ਜਿਹੜੀਆਂ ਮਨਿਸਟੀਰੀਅਲ ਸੇਵਾਵਾਂ ਦੀਆਂ ਆਸਾਮੀਆਂ ਸੁਪਰਡੰਟ ਗ੍ਰੇਡ-1 ਦੀ ਆਸਾਮੀ ਤੋਂ ਹੇਠਾਂ ਹਨ, ਦੀ ਪਦ-ਉਨਤੀ ਪ੍ਰਬੰਧਕੀ ਸਕੱਤਰ (ਨਿਯੁੱਕਤੀਕਰਤਾ ਅਧਿਕਾਰੀ) ਦੀ ਪੱਧਰ ਤੇ ਬਿਨਾ ਡੀ.ਪੀ.ਸੀ. ਤੋਂ ਨਿਯਮਾਂ ਅਨੁਸਾਰ ਕਰਵਾਈ ਜਾ ਸਕਦੀ ਹੈ, ਜਿਸ ਸਬੰਧੀ ਬੈਂਚ ਮਾਰਕ ਅਤੇ ਹੋਰ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪ੍ਰਤੀ-ਪੂਰਤੀ ਯਕੀਨੀ ਬਣਾਈ ਜਾਵੇਗੀ। ਪਦ-ਉਨਤੀ ਉਪਰੰਤ ਪੰਜਾਬ ਲੋਕ ਸੇਵਾ ਕਮਿਸ਼ਨ ਤੋਂ ਲੋੜ ਅਨੁਸਾਰ ਪ੍ਰਵਾਨਗੀ ਪ੍ਰਾਪਤ ਕੀਤੀ ਜਾਵੇਗੀ।

3. ਸਰਕਾਰ ਵੱਲੋਂ ਵੱਖ-ਵੱਖ ਮੁਲਾਜ਼ਮ ਜੱਥੇਬੰਦੀਆਂ ਦੀ ਮੰਗ ਨੂੰ ਵਿਚਾਰਦੇ ਹੋਏ ਅਤੇ ਸਮੂਹ ਵਿਭਾਗਾਂ ਵਿਚ ਪਦ-ਉਨਤੀਆਂ ਸਬੰਧੀ ਇਕਸਾਰਤਾ ਲਿਆਉਣ ਦੇ ਮੱਦੇਨਜ਼ਰ ਹੁਣ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਸੁਪਰਡੰਟ ਗ੍ਰੇਡ-1 ਤੋਂ ਹੇਠਾਂ ਦੀਆਂ ਮਨਿਸਟੀਰੀਅਲ ਸੇਵਾਵਾਂ ਦੀਆਂ ਆਸਾਮੀਆਂ ਤੋਂ ਇਲਾਵਾ ਤਕਨੀਕੀ ਆਸਾਮੀਆਂ ਜੋ ਸੁਪਰਡੰਟ ਗ੍ਰੇਡ-1 ਦੀ ਆਸਾਮੀ ਦੇ ਸਮਾਂਕ ਪੇਅ ਸਕੇਲ+ਗ੍ਰੇਡ ਪੇਅ ਤੋਂ ਹੇਠਾਂ ਦੀਆਂ ਆਸਾਮੀਆਂ ਹਨ, ਦੀ ਪਦ-ਉਨਤੀ ਵੀ ਪ੍ਰਬੰਧਕੀ ਸਕੱਤਰ (ਨਿਯੁੱਕਤੀਕਰਤਾ ਅਧਿਕਾਰੀ) ਦੀ ਪੱਧਰ ਤੇ ਬਿਨਾਂ ਡੀ.ਪੀ.ਸੀ. ਤੋਂ ਨਿਯਮਾਂ ਅਨੁਸਾਰ ਕਰ ਲਈ ਜਾਵੇ ਪਰ ਬੈਂਚ ਮਾਰਕ ਅਤੇ ਹੋਰ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪ੍ਰਤੀ-ਪੂਰਤੀ ਯਕੀਨੀ ਬਣਾਈ ਜਾਵੇ। ਪਦ-ਉਨਤੀ ਉਪਰੰਤ ਪੰਜਾਬ ਲੋਕ ਸੇਵਾ ਕਮਿਸ਼ਨ ਤੋਂ ਲੋੜ ਅਨੁਸਾਰ ਪ੍ਰਵਾਨਗੀ ਪ੍ਰਾਪਤ ਕਰ ਲਈ ਜਾਵੇ।

ਇਹ ਪੱਤਰ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸਕੱਤਰ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼/ ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 4/43/09-3ਪੀਪੀ1/573 ਮਿਤੀ, ਚੰਡੀਗੜ੍ਹ: 17/3/12